# आ जोगी करके मोर सवारी

ਆ ਜੋਗੀ, ਕਰਕੇ ਮੋਰ ਸਵਾਰੀ, ਸਾਡੇ ਘਰ ਆ ਜੋਗੀ ॥
ਦੇ ਦਰਸ਼ਨ ਇੱਕ ਵਾਰ, ਸਾਡੇ ਘਰ ਆ ਜੋਗੀ*,
ਆ ਜੋਗੀ, ਕਰਕੇ ਮੋਰ ਸਵਾਰੀ, ਸਾਡੇ ਘਰ ਆ ਜੋਗੀ ।
ਆ ਬਾਬਾ, ਕਰਕੇ ਮੋਰ ਸਵਾਰੀ, ਸਾਡੇ ਘਰ ਆ ਬਾਬਾ ।

ਨਾਮ ਤੇਰੇ ਦਾ, ਧੂਣਾ ਲਾਇਆ ।
ਪੰਡਿਤਾਂ ਨੂੰ ਸੱਦ, ਹਵਨ ਕਰਾਇਆ ॥
ਓ ਲਾ ਕੇ ਅੱਜ ਉੱਡਾਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਛੱਡ ਕੇ ਗੁਫ਼ਾ ਨੂੰ, ਆਉਣਾ ਪੈਣਾ ।
ਭਗਤਾਂ ਨੂੰ ਦਰਸ਼, ਦਿਖਾਉਣਾ ਪਾਇਆ ॥
ਓ ਲਾ ਕੇ ਅੱਜ ਉੱਡਾਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਨਾਮ ਤੇਰੇ ਦੀ, ਚੌਂਕੀ ਲਾਈ ।
ਮੂਰਤੀ ਫੁੱਲਾਂ, ਨਾਲ ਸਜਾਈ ॥
ਓ ਪੂਜਣ ਖੜੇ ਪੁਜਾਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਵਿੱਚ ਖੁਸ਼ੀਆਂ ਦੇ, ਭੇਟਾਂ ਗਾਈਏ ।
ਢੋਲ ਵਜਾ ਕੇ, ਭੰਗੜਾ ਪਾਈਏ ॥
ਚੜ੍ਹ ਗਈ ਨਾਮ ਖੁਮਾਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਦਰਸ਼ਨ ਦੇ ਲਈ, ਤਰਸਣ ਅੱਖੀਆਂ ।
ਬੜੇ ਚਿਰਾਂ ਤੋਂ, ਆਸਾਂ ਰੱਖੀਆਂ ॥
ਹੱਥ ਜੋੜ ਕੇ ਖੜੇ ਪੁਜਾਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਜਦੋਂ ਤੋਂ ਹੈ ਲੜ੍ਹ, ਤੁਸਾਂ ਦਾ ਫੜ੍ਹਿਆ ।
ਕੰਮ ਕੋਈ ਨਾ, ਸਾਡਾ ਅੜ੍ਹਿਆ ॥
ਬਿਨ ਚੱਪੂ ਬੇੜੀ ਤਾਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਰੋਟੀ ਮਣੀ, ਪ੍ਰਸ਼ਾਦ ਬਣਾ ਕੇ ।
ਰੱਖਿਆ ਅਸੀਂ, ਪ੍ਰਾਤ 'ਚ ਪਾ ਕੇ ॥
ਭੋਗ ਲਗਾਓ ਇੱਕ ਵਾਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਜਿਹਨਾਂ ਦੇ ਘਰ ਵਿੱਚ, ਪੈਰ ਤੂੰ ਪਾਇਆ ।
ਓਹਨਾਂ ਨੂੰ ਕੱਖ ਤੋਂ, ਲੱਖ ਬਣਾਇਆ ॥

ਕਦ ਆਉਣੀ ਸਾਡੀ ਵਾਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਦੁੱਧ ਪੁੱਤ ਦਾ ਤੈਨੂੰ, ਕਹਿੰਦੇ ਦਾਨੀ l
ਸਭ ਦੀ ਦੂਰ, ਕਰੇ ਪ੍ਰੇਸ਼ਾਨੀ ll
ਓ ਤੇਰੀ ਕਲਾ ਨਿਆਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਭਗਤਾਂ ਦੇ ਦਿਲ ਦੀਆਂ, ਜਾਣ ਲੈਂਦਾ ਤੂੰ l
ਦੁੱਧੋ ਪਾਣੀ, ਛਾਣ ਲੈਂਦਾ ਤੂੰ ll
ਓ ਮੰਨਦੀ ਦੁਨੀਆਂ ਸਾਰੀ,ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਐਨਾ ਸਾਨੂੰ, ਨਾ ਤਰਸਾਵੋ l
ਬੱਚਿਆਂ ਤੇ ਤੁਸੀਂ, ਕਰਮ ਕਮਾਵੋ ll
ਓ ਸੱਚਾ ਤੂੰ ਬ੍ਰਹਮਚਾਰ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਰਤਨੋ ਦੇ ਜਿਵੇਂ, ਭਾਗ ਜਗਾਏ l
ਸੁਪਨੇ ਵਿੱਚ ਸੀ, ਦਰਸ਼ ਦਿਖਾਏ ll
ਕਰੋ ਮੇਹਰ ਇੱਕ ਵਾਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਭਗਤਾਂ ਨੇ ਹੈ, ਕਹਿੰਦੇ ਰਹਿਣਾ l
ਚੌਂਕੀ ਦੇ ਵਿੱਚ, ਆਉਣਾ ਹੀ ਪੈਣਾ ll
ਓ ਜਾਗਣਾ ਰਾਤ ਹੈ ਸਾਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਅੱਜ ਤੱਕ ਕਿਸੇ ਦੀ, ਆਸ ਨਾ ਤੋੜੀ l
ਟੁੱਟੇਲੇ ਖਾਨ ਦੀ, ਤੰਦ ਹੀ ਜੋੜੀ ll
ਓ ਵਿਗੜੀ ਸਦਾ ਸੰਵਾਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਹਰ ਸਾਹ ਵਿੱਚ ਤੇਰਾ, ਨਾਮ ਧਿਆਈਏ l
ਸੁਬਹ ਸ਼ਾਮ ਅਸੀਂ, ਆਰਤੀ ਗਾਈਏ ll
ਓ ਮੂਰਤ ਤੱਕੀਏ ਪਿਆਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਸੋਹਣੀ ਪੱਟੀ, ਵਾਲਾ ਕਹਿੰਦਾ l
ਜੋਗੀ ਭਗਤਾਂ, ਦੇ ਸੰਗ ਰਹਿੰਦਾ ll
ਓ ਤੱਖੀ ਨੇ ਅਰਜ਼ ਗੁਜ਼ਾਰੀ, ਸਾਡੇ ਘਰ ਆ ਜੋਗੀ*,,,
ਆ ਜੋਗੀ, ਕਰਕੇ ਮੋਰ ਸਵਾਰੀ,,,,,,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/26702/title/aa-jogi-karke-mor-swari

अपने Android मोबाइल पर BhajanGanga App डाउनलोड करें और भजनों का आनंद ले |